# ਗ਼ੁਲਾਮ ਹੋਲੀਆਂ ਦੀ ਥਾਂ ਖ਼ਾਲਸੇ ਦਾ ਸੁਤੰਤਰ ਹੋਲਾ ਮਹੱਲਾ

ਪੁਰਾਣੇ ਜ਼ਮਾਨੇ ਵਿਚ ਕਿਸੇ ਵਕਤ ਹਿੰਦੂ ਧਰਮ ਦੇ ਉਪਾਸ਼ਕਾਂ, ਭਾਰਤੀ ਵਡ ਵਡੇਰਿਆਂ ਨੂੰ ਵਰਣ ਵੰਡ ਦਾ ਏਨਾਂ ਚਾਉ ਰਿਹਾ ਹੈ ਕਿ ਉਨ੍ਹਾਂ ਮਨੁਖ ਸ਼੍ਰੇਣੀ ਨੂੰ ਤਾਂ ਵੰਡੀਆਂ ਪਾ ਕੇ ਲੀਰੋ ਲੀਰ ਕੀਤਾ ਹੀ ਸੀ, ਪਰ ਇਥੋਂ ਤਕ ਬੇਸਬਰੇ ਤੇ ਅਗਿਆਨ ਵਸ ਹੋਏ ਕਿ ਪਸ਼ੂ-ਪੰਛੀਆਂ ਨੂੰ ਤੇ ਦਰਖਤਾਂ ਤਕ ਨੂੰ ਵੰਡ ਕੇ ਸਾਹ ਲਿਆ। ਮਿਸਾਲ ਵਜੋਂ ਦਰਖਤਾਂ ਵਿਚੋਂ ਪਿਪਲ ਬ੍ਰਾਹਮਣ, ਕਿਕਰ ਵੈਸ਼ ਤੇ ਅੱਕ ਸ਼ੂਦਰ ਕਰਾਰ ਦੇ ਦਿਤਾ ਗਿਆ। ਇਵੇਂ ਹੀ ਪੰਛੀਆਂ ਵਿਚੋਂ ਸੱਪ ਤੇ ਕਬੂਤਰ ਬ੍ਰਾਹਮਣ, ਤੋਤਾ ਵੈਸ਼ ਤੇ ਕਾਂ ਵਿਚਾਰਾ ਸ਼ੂਦਰ ਮੰਨੇ ਗਏ। ਤਿਉਹਾਰਾਂ ਵਿਚੋਂ ਸ਼ਰਾਧ ਬ੍ਰਾਹਮਣ, ਦੁਸਹਿਰਾਂ ਤੇ ਬਸੰਤ ਖਤਰੀ, ਦੀਵਾਲੀ ਵੈਸ਼ ਅਤੇ ਹੋਲੀ ਸ਼ੂਦਰ ਕਰਾਰ ਦਿਤੀ ਗਈ। ਧਰਮ ਸ਼ਾਸਤਰ ਅਨੁਸਾਰ ਜਿਵੇਂ ਸ਼ੂਦਰ ਲਈ ਬਹੁਤੇ ਸੰਜਮ ਦੀ ਲੋੜ ਨਹੀਂ ਸਮਝੀ ਜਾਂਦੀ ਤਿਵੇਂ ਹੀ ਹੋਲੀ ਦੇ ਤਿਉਹਾਰ ਵਿਚ ਇਸ ਦੇਸ਼ ਦੇ ਰਹਿਣ ਵਾਲੇ ਸੰਜਮ ਤੇ ਸਾਊਪੁਣੇ ਦੀ ਲਗਾਮ ਜ਼ਰਾ ਕੁ ਢਿਲੀ ਛੱਡ ਦਿਆ ਕਰਦੇ ਹਨ, ਖਰਮਸਤੀਆਂ ਕਰਦੇ ਤੇ ਗੰਦ ਮੰਦ ਉਛਾਲ ਕੇ ਖੁਸ਼ ਹੁੰਦੇ ਹਨ।

ਸ਼ਾਇਦ ਸਮਾਜ ਨੇ ਉਦੋਂ ਆਪਣੀ ਮਰਜ਼ੀ ਨਾਲ ਹੀ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਗੁਲਾਮੀ ਦੇ ਦੋਹਰੇ ਤੇ ਤੇਹਰੇ ਜਕੜਬੰਦਾਂ ਵਿਚ ਜਕੜੇ ਹੋਏ ਭਾਰਤੀ ਮਨੁਖਾਂ ਨੂੰ ਸਾਲ ਵਿਚ ਕੇਵਲ ਪੰਜ ਸਤ ਦਿਨਾਂ ਦੀ ਖ਼ਰਮਸਤੀ ਕਰਨ ਦੀ ਰੀਤ ਪ੍ਰਦਾਨ ਕੀਤੀ ਜਾਂ ਇਉਂ ਆਖੋ ਕਿ ਉਨ੍ਹਾਂ ਅਜ਼ਾਦੀ ਦੇ ਦਿਤੀ। ਇਨ੍ਹਾਂ ਖ਼ਰਮਸਤੀ ਭਰਪੂਰ ਅਜ਼ਾਦੀ ਦੇ ਦਿਨਾਂ ਵਿਚ ਉਨ੍ਹਾਂ ਦੀ ਖੁਲ੍ਹ ਖੇਡ ਦਾ ਨਾਉਂ ਰਖਿਆ ਗਿਆ- 'ਹੋਲੀਆਂ'।

ਮਨੁਖੀ ਵਿਗਿਆਨ ਅਨੁਸਾਰ ਮਨ ਦੇ ਅਚੇਤ ਮਨ ਦੀਆਂ ਹੇਠਲੀਆਂ ਤੈਹਾਂ ਹੇਠ, ਅਚੇਤ ਭਾਂਤ ਲੁਕੇ ਹੋਏ ਕੁਝ ਕੁ ਸ਼ੈਤਾਨੀ ਜਜ਼ਬੇ ਹਮੇਸ਼ਾ ਮੌਜੂਦ ਰਹਿੰਦੇ ਹਨ, ਜੋ ਕਿਸੇ ਨਾ ਕਿਸੇ ਰੂਪ ਵਿਚ ਰੂਪਮਾਨ ਜਾਂ ਪਰਗਟ ਹੋਣਾ ਲੋਚਦੇ ਹਨ ਤੇ ਇਹ ਹੋਲੀਆਂ ਸ਼ਾਇਦ ਉਨ੍ਹਾਂ ਜਜ਼ਬਿਆਂ ਦੇ ਪ੍ਰਗਟਾਉਣ ਦਾ ਹੀ ਇਕ ਸਾਧਨ ਸੀ ਜਾਂ ਸ਼ਾਇਦ ਪੁਰਾਣੇ ਲੋਕਾਂ ਦਾ ਇਹ ਵੀ ਖਿਆਲ ਰਿਹਾ ਹੋਵੇ ਕਿ ਜੇਕਰ ਵਰ੍ਹੇ ਵਿਚ ਪੰਜ ਸਤ ਦਿਨ ਰਜ ਕੇ ਊਧਮ ਧੁੰਮੀ ਤੇ ਖਰੂਦ ਮਚਾ ਲਿਆ ਜਾਵੇ ਤਾਂ ਬਾਕੀ ਦਾ ਸਾਲ ਸ਼ਾਇਦ ਮੰਦ ਕਰਮੀ ਸ਼ੈਤਾਨੀ ਜਜ਼ਬਿਆਂ ਉਤੇ ਕਾਬੂ ਪਾਉਣਾ ਸੌਖਾ ਹੋ ਜਾਂਦਾ ਹੋਵੇ। ਪ੍ਰੰਤੂ ਇਹ ਉਨ੍ਹਾਂ ਦੀ ਵਿਚਾਰ ਸ਼ਕਤੀ ਦੀ ਇਕ ਨਿਰਮੂਲ ਥੋਥੀ ਤੇ ਭਿਆਨਕ ਭੁਲ ਹੀ ਸੀ। ਕਿਉਂ ਕਿ ਅਗ ਵਿਚ ਘਿਉ ਪਾਇਆ ਅਗਨੀ ਬੁਝਦੀ ਨਹੀਂ ਸਗੋਂ ਹੋਰ ਭੜਕਦੀ ਤੇ ਪਰਪੰਚ ਹੋਇਆ ਕਰਦੀ ਹੈ।

ਮਨੁਖੀ ਸੁਭਾ ਅੰਦਰ ਆਪਾ ਪ੍ਰਗਟਾਉਣ ਦੀ ਇਛਾ ਤਾਂ ਕੁਦਰਤੀ ਹੈ ਹੀ, ਪਰ ਇਹ ਮੰਨਣਾ ਪਵੇਗਾ ਕਿ ਉਨ੍ਹਾਂ ਬਜ਼ੁਰਗਾਂ ਦਾ ਆਪਾ ਪ੍ਰਗਟਾਉਣ ਦਾ ਉਕਤ ਢੰਗ ਜੋ ਹਿੰਦੁਸਤਾਨ ਵਿਚ ਬਹੁਤ ਹਦ ਤਕ ਅਜੇ ਵੀ ਉਸੇ ਤਰ੍ਹਾਂ ਜਾਰੀ ਹੈ, ਕਾਫੀ ਕੋਝਾ, ਨਿੰਦਨੀਯ ਤੇ ਸ਼ਰਮਨਾਕ ਸੀ। ਗੁਲਾਮ ਤੇ ਅਜ਼ਾਦ ਕੌਮਾਂ ਦੇ ਵਿਚਾਰਾਂ, ਜਜ਼ਬਿਆਂ ਤੇ ਅਮਲਾਂ ਵਿਚ ਜਿਮੀਂ ਅਸਮਾਨ ਜਿੰਨਾ ਫਰਕ ਹੁੰਦਾ ਹੈ। ਉਤਸਵ, ਤਿਉਹਾਰ ਤੇ ਮੇਲੇ ਤਾਂ ਸਾਰੀ ਦੁਨੀਆਂ ਵਿਚ ਮਨਾਏ ਜਾਂਦੇ ਹਨ ਪਰ ਮਨਾਉਣ ਦਾ ਢੰਗ ਗੁਲਾਮ ਅਤੇ ਅਜ਼ਾਦ ਕੌਮਾਂ ਦਾ ਆਪੋ ਆਪਣਾ ਹੁੰਦਾ ਹੈ। ਅਜ਼ਾਦ ਕੌਮਾਂ ਦੇ ਮਨੁਖ ਅਜ਼ਾਦੀ ਦੀਆਂ ਜਿੰਮੇਵਾਰੀਆਂ ਨੂੰ ਮਹਿਸੂਸ ਕਰਦੇ ਹਨ, ਉਹ ਅਜ਼ਾਦੀ ਦੇ ਹੱਕਾਂ ਨੂੰ ਵਰਤਣਾ ਵੀ ਜਾਣਦੇ ਹਨ ਇਸੇ ਲਈ ਉਨ੍ਹਾਂ ਦੀਆਂ ਰੁਚੀਆਂ ਸਾਦਾ ਤੇ ਗੰਭੀਰ, ਭਾਵਪੂਰਤ ਤੇ ਭਾਵਕਾਰ ਹੁੰਦੀਆਂ ਹਨ। ਉਨ੍ਹਾਂ ਦਾ ਹਰ ਕੰਮ ਸ਼ਰੀਫਾਨਾ ਅਤੇ ਸੰਜੀਦਾ ਹੁੰਦਾ ਹੈ; ਪਰ ਜੋ ਗ਼ੁਲਾਮ ਹਨ ਜਿੰਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਨਹੀਂ, ਜਿੰਨ੍ਹਾਂ ਦੇ ਜੀਵਨ ਵਿਚ ਕੋਈ ਮਹਾਨਤਾ ਨਹੀਂ ਹੁੰਦੀ ਅਤੇ ਜੋ ਹੌਲੇ ਤੇ ਹੋਛੇ ਹੁੰਦੇ ਹਨ ਉਨ੍ਹਾਂ ਦੀਆਂ ਰੁਚੀਆਂ ਵੀ ਹੌਲੀਆਂ ਤੇ ਹੋਛੀਆਂ ਹੁੰਦੀਆਂ ਹਨ। ਹੋਲੀਆਂ ਦੇ ਤਿਉਹਾਰ ਤੇ ਪਰਗਟ ਹੋਣ ਵਾਲੀ ਸਾਡੀ ਕੁਚੱਜਤਾ ਤੋਂ ਵੀ ਇਹੀ ਸਿਧ ਹੁੰਦਾ ਹੈ ਕਿ ਇਹ ਤਿਉਹਾਰ ਵੀ ਹਿੰਦੁਸਤਾਨ ਦੀ ਗ਼ੁਲਾਮੀ ਦੇ ਜ਼ਮਾਨੇ ਦੀ ਹੀ ਈਜਾਦ ਭਾਵ ਦੇਣ ਹੈ।

ਰੋਮਨ ਮਤ ਦਾ ਭਾਵੇ ਕੋਈ ਇਕ ਪੁਰਸ਼ ਬਾਨੀ ਨਹੀਂ ਸੀ। ਕਈ ਇਕ ਨੇ ਉਨ੍ਹਾਂ ਜਾਤੀਆਂ ਨੂੰ ਹੋਂਦ ਵਿਚ ਲਿਆਂਦਾ ਜਿਹੜੀਆਂ ਕਿ ਜਰਮਨ, ਅਰਯਨ, ਇਟਰਸਕਨ, ਲੇਟਿਯਮ ਤੇ ਆਨ-ਅਰਯ ਜਰਮਨ ਤੇ ਹੋਰ ਯੂਨਾਨੀ ਲੋਕਾਂ, ਜਿਹੜੇ ਕਿ ਭਾਜੜਾਂ ਕਰ ਕੇ ਇਟਲੀ ਵਿਚ ਆ ਵਸੇ ਸਨ। ਇਸ ਧਰਮ ਵਿਚ ਗ੍ਰੀਕ ਧਰਮ ਨੂੰ ਮੰਨਣ ਵਾਲੇ ਬਹੁਤ ਲੋਕ ਹੋਣ ਕਰਕੇ ਉਨ੍ਹਾਂ ਹੀ ਵਿਚਾਰਾਂ ਦਾ ਬਹੁਤ ਅਸਰ ਕਬੂਲਿਆਂ ਗਿਆ। ਉਹ ਖਾਸ ਕਰਕੇ ਦੇਵੀ ਦੇਵਤਿਆਂ ਦਾ ਧਰਮ ਸੀ। ਬਹੁਤੇ ਵਿਚਾਰਾਂ ਤੇ ਨਿਯਮ, ਇਟਰਸਕਨ ਧਰਮ ਦੇ ਆਏ ਸਨ ਜੋ ਕਿ ਪਹਿਲਾਂ ਹੀ ਗ੍ਰੀਕ ਆਦਿ ਬਹੁਤੇ ਧਰਮਾਂ ਦਾ ਮਿਲ-ਗੋਭਾ ਸੀ। ਇਸ ਧਰਮ ਦੇ ਬਹੁਤ ਸਾਰੇ ਦੇਵਤੇ, ਗ੍ਰੀਕ ਤੇ ਇਟਰਸਕਨ ਧਰਮ ਦੇ ਨਾਲ ਹੂ-ਬਹੂ ਮਿਲਦੇ ਸਨ।

ਰੋਮਨ ਕੌਮ ਦੇ ਲੋਕਾਂ ਵਿਚ 'ਸੈਂਟਰਨੇਲੀਆ' ਨਾਉਂ ਦਾ ਗ਼ੁਲਾਮਾਂ ਦਾ ਇਕ ਤਿਉਹਾਰ ਮਨਾਇਆ ਜਾਂਦਾ ਸੀ। ਉਸ ਦੇ ਮਾਲਕ ਆਪਣੇ ਗ਼ੁਲਾਮਾਂ ਨੂੰ ਆਪਣੇ ਨਾਲ ਬਹਿ ਕੇ ਖਾਣ, ਜੂਆ ਖੇਡਣ ਤੇ ਖੁਲ੍ਹ ਕੇ ਗਲਬਾਤ ਕਰਨ ਦੀ ਅਜ਼ਾਦੀ ਦੇ ਦਿਆਂ ਕਰਦੇ ਸਨ। ਸਾਲ ਵਿਚ ਕੇਵਲ ਪੰਜ ਸੱਤ ਦਿਨ ਇਸ ਤਰ੍ਹਾਂ ਅਨੰਦ ਮਨਾ ਲੈਣ ਉਪਰੰਤ ਬਾਕੀ ਦਾ ਸਾਰਾ ਸਾਲ ਉਨ੍ਹਾਂ ਗ਼ੁਲਾਮਾਂ ਅੰਦਰ ਪਸ਼ੂਆਂ ਵਾਂਗ ਕੁਟ

ਖਾਂਦਿਆਂ ਹੋਇਆਂ ਕੰਮ ਕਰਨ ਦੀ ਹਿੰਮਤ ਆ ਜਾਂਦੀ ਸੀ। ਸ਼ਾਇਦ ਹਿੰਦੁਸਤਾਨ ਦੇ ਬਦੇਸ਼ੀ ਮਾਲਕਾਂ ਨੇ ਵੀ ਇਥੋਂ ਦੇ ਵਸਨੀਕਾਂ ਨੂੰ ਇਸੇ ਕਰਕੇ ਹੀ ਸਾਲ ਵਿਚ ਪੰਜ ਸਤ ਦਿਨ ਰੱਜ ਕੇ ਅਜ਼ਾਦੀ ਮਨਾ ਲੈਣ ਦੀ ਖੁਲ੍ਹ ਦੇ ਦਿਤੀ ਹੋਵੇ।

ਹਿੰਦੁਸਤਾਨ ਦੇ ਧਾਰਮਿਕ ਆਗੂਆਂ ਇਸ ਤਿਉਹਾਰ ਨੂੰ ਹੋਰ ਕਈ ਸਮਾਜਿਕ ਤਿਉਹਾਰਾਂ ਵਾਂਗ ਧਾਰਮਿਕ ਰੰਗਣ ਦੇ ਕੇ ਸ਼ੁਧ ਕਰਨ ਦੇ ਕਈ ਯਤਨ ਕੀਤੇ ਸਨ। ਪਰ ਜਾਪਦਾ ਹੈ ਕਿ ਮਨੁਖੀ ਫ਼ਿਤਰਤ ਅੰਦਰ ਸੁਭਾਵਿਕ ਮੌਜੂਦ ਇਨ੍ਹਾਂ ਖਰੂਦੀ ਜਜ਼ਬਿਆਂ ਦੇ ਕਾਰਨ ਹੀ ਉਹ ਸਭ ਅਸਫ਼ਲ ਹੋ ਜਾਂਦੇ ਰਹੇ ਹਨ ਤੇ ਅਜ ਅਸੀਂ ਇਹ ਮੰਨਣ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਜੇਕਰ ਪੁਰਾਣਾਂ ਦੀ ਕਥਾਨਿਕ ਅਨੁਸਾਰ ਇਹ ਹੋਲਕਾਂ ਪ੍ਰਹਿਲਾਦ ਦੀ ਭੂਆ ਹੀ ਸੀ ਜੋ ਆਪਣੇ ਭਰਾ ਹਰਨਾਖਸ਼ ਦੇ ਕਹਿਣ ਉਤੇ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅੱਗ ਵਿਚ ਜਾ ਬੈਠੀ ਸੀ, ਤਾਂ ਸ਼ਾਇਦ ਸਾਡੇ ਵਿਚ ਹੁਣ ਕੋਈ ਪ੍ਰਹਿਲਾਦ ਨਾ ਰਹਿ ਜਾਣ ਕਰਕੇ ਹਰ ਸਾਲ ਲੱਖਾਂ ਮਣ ਲਕੜੀਆਂ ਸਾੜਨ ਦੇ ਬਾਵਜੂਦ ਉਹ ਸਾਥੋਂ ਕਦੇ ਸਾੜੀ ਨਹੀਂ ਗਈ। ਸਗੋਂ ਹਰ ਸਾਲ ਆ-ਆ ਕੇ ਸਾਡੀ ਮੱਤ ਮਾਰ ਲੈਂਦੀ ਹੈ ਤੇ ਜੇਕਰ ਉਹ ਛੋਟੇ ਬਚਿਆਂ ਨੂੰ ਸਤਾਉਣ ਵਾਲੀ 'ਢੂੰਡਾਂ' ਨਾਂ ਦੀ ਰਾਕਸ਼ੀ ਹੈ ਤਾਂ ਵੀ ਸਾਡੇ ਪੁੰਨ ਪਰਤਾਪ ਵਿਚ ਹੁਣ ਅਜ ਵੀ ਕੋਈ ਬਰਕਤ ਨਹੀਂ ਰਹਿ ਗਈ ਕਿ ਅਸੀਂ ਉਸ ਦਾ ਵਾਲ ਵੀ ਵਿੰਗਾ ਕਰ ਸਕੀਏ, ਸਗੋਂ ਉਲਟ ਉਹ ਹੀ ਆ ਕੇ ਹਰ ਸਾਲ ਸਾਨੂੰ ਪਾਗਲ ਬਣਾ ਲੈਂਦੀ ਹੈ।

ਸਦੀਆਂ ਤੋਂ ਅਖਾਉਤੀ ਗੁਲਾਮ ਲੋਕ ਇਸ ਸ਼ੂਦਰ ਨੂੰ ਏਸੇ ਤਰ੍ਹਾਂ ਮਨਾਉਂਦੇ ਆ ਰਹੇ ਸਨ। 'ਭੈਰੋਂ' ਦੇ ਸਰਾਪ ਨਾਲ ਪਾਗਲ ਹੋਏ ਮਨੁਖ ਸੜ ਗਈ 'ਹੋਲਕਾਂ' ਦੀ ਸਵਾਹ ਸਿਰਾਂ ਵਿਚ ਪਾ ਕੇ ਨਚਦੇ ਟਪਦੇ ਤੇ ਖਿੜ ਖਿੜ ਹਸਦੇ ਸਨ। ਉਪ੍ਰੰਤ ਇਸ ਵਿਚ ਕੁਝ ਕੁ ਸੁਧਾਰ ਵੀ ਹੋਏ। ਗੰਦ ਮੰਦ ਦੀ ਥਾਂ ਨੀਲੇ ਪੀਲੇ ਰੰਗਾਂ ਨੇ ਲੈ ਲਈ ਤੇ ਸਵਾਹ ਦੀ ਥਾਂ ਗੁਲਾਲ ਉਡਣ ਲਗਾ। ਅਖਉਤੀ ਗੋਪੀਆਂ ਤੇ ਅਖਉਤੀ ਕਾਨ੍ਹ ਮਿਲ ਕੇ ਸਾਊ ਢੰਗ ਨਾਲ ਇਹ ਹੋਲੀਆਂ ਖੇਡਣ ਲਗੇ। ਪਰ ਪਿਛੋਂ ਜਾ ਕੇ ਗ਼ੁਲਾਮਾਂ ਦੀ ਕਾਇਰਤਾ ਅਯਾਸ਼ੀ ਵਲ ਵਖਣ ਲਗੀ। ਕੌਮਾਂ ਦਾ ਇਖਲਾਕ ਢਠੇ ਖੂਹ ਵਿਚ ਜਾ ਪਿਆ।

ਇਹੋ ਜਿਹੇ ਤਿਉਹਾਰ ਮਨਾਉਂਦੇ ਹੋਏ ਗ਼ੁਲਾਮ ਹਿੰਦੁਸਤਾਨ ਨੂੰ ਉਪਰ ਚੁਕ ਕੇ ਉਸ ਨੂੰ ਭਰਪੂਰ ਸਾਊ ਜਿੰਦਗੀ ਬਖਸ਼ਣ ਲਈ ਹੀ ਸੰਸਾਰ ਵਿਚ ਮਹਾਂਬਲੀ ਤੇ ਵਰਿਆਮ ਯੋਧੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਅਵਤਾਰ ਹੋਇਆ ਅਤੇ ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿਤ੍ਰ ਅਸਥਾਨ ਤੇ ਆਪਣੇ ਸਿਖਾਂ ਨੂੰ ਜੀਵਨ ਦਾਤ ਦੇਣ ਲਈ ਜਿਹੜਾ ਅਦਭੁਤ ਕੌਤਕ ਰਚਿਆ, ਉਹ ਸੰਸਾਰ ਦੇ ਇਤਿਹਾਸ ਦੀ ਇਕ ਪ੍ਰਸਿਧ ਘਟਨਾ ਸੀ।

ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਉਪ੍ਰੰਤ ਗ਼ੁਲਾਮ ਹਿੰਦੁਸਤਾਨ, ਗ਼ੁਲਾਮ ਕੌਮਾਂ ਤੇ ਗ਼ੁਲਾਮ ਦਿਮਾਗਾਂ ਦੀ ਕਿਸਮਤ ਬਦਲ ਗਈ। ਜੀਵਨ ਨਵਾਂ ਨਰੋਆ ਹੋ ਕੇ ਉਸਦੇ ਸਾਰੇ ਰਾਹ ਬਦਲ ਗਏ। ਮਨੁਖ ਦਾ ਦਿਲ ਦਿਮਾਗ਼ ਬਦਲ ਗਿਆ। ਜਜ਼ਬੇ ਤੇ ਖਿਆਲ ਬਦਲ ਗਏ। ਰੂਹਾਂ ਬਦਲ ਗਈਆਂ, ਸਰੀਰ ਬਦਲ ਗਏ, ਸੁੱਕੇ ਸੜੇ ਤੇ ਕੋਝੇ ਸਰੀਰਾਂ ਵਿਚ ਜ਼ਿੰਦਗੀ ਲਹਿਰਾਉਣ ਲਗ ਪਈ। ਇਹ ਜਾਮੇ-ਅਜ਼ਾਦੀ ਸੀ, ਜਿਸਨੂੰ ਪੀ ਕੇ ਸਰੂਰ ਨਾਲ ਸਿੰਘਾਂ ਦੇ ਚੇਹਰੇ ਚਮਕ ਉਠੇ।

ਸਿਖ ਹੁਣ ਸਿੰਘ ਬਣ ਚੁਕਾ ਸੀ, ਸੂਰਬੀਰ ਖ਼ਾਲਸਾ, ਸ਼ਕਤੀ ਨਾਲ ਭਰਪੂਰ ਖ਼ਾਲਸਾ ਸੁਤੰਤਰ ਤੇ ਮਹਾਂ-ਮਾਨਵ ਖ਼ਾਲਸਾ। ਗ਼ੁਲਾਮੀ ਜਿਸ ਦੀ ਹਵਾ ਨੂੰ ਵੀ ਛੋਹ ਨਹੀਂ ਸੀ ਸਕਦੀ, ਜਿਸਨੇ ਸਾਰੇ ਵਹਿਮਾਂ ਅਤੇ ਸਹਿਮਾਂ ਨੂੰ ਭੰਨ ਤੋੜ ਦਿਤਾ ਸੀ, ਅਤੇ ਜੋ ਮੌਤ ਨੂੰ ਮਜ਼ਾਕ ਕਰ ਸਕਦਾ ਸੀ, ਹਰ ਆਈ ਮੁਸਬੀਤ ਦਾ ਜੈਕਾਰਿਆਂ ਨਾਲ ਸਵਾਗਤ ਕਰਨ ਲਗ ਪਿਆ ਸੀ ਇਹ ਸੂਰਬੀਰ ਤੇ ਸਰਦਾਰ ਖ਼ਾਲਸਾ।

ਇਹ ਮਹਾਂ ਕ੍ਰਾਂਤੀ ਸੀ, ਭਾਰੀ ਇਨਕਲਾਬ। ਜਿਸ ਤੋਂ ਪਿਛੋਂ ਸਿੰਘ ਖ਼ਾਲਸਾ ਜੀ ਨੇ, ਸਭਿਯਤਾ ਦੇ ਕਈ ਯੋਧੇ ਤੇ ਪੁਰਾਣੇ ਖੋਲੇ ਢਾਹੇ ਅਤੇ ਗੁਰਮਤ ਦੀ ਬੁਨਿਆਦ ਉਤੇ ਨਵੀਂ ਸੰਸਕ੍ਰਿਤੀ ਦੀ ਉਸਾਰੀ ਸ਼ੁਰੂ ਕੀਤੀ। ਨਵੇਂ ਬੋਲੇ ਰਚੇ, ਨਵੀਆਂ ਇਸਤਲਾਹਾਂ ਤੇ ਨਵੇਂ ਸ਼ਬਦ ਤਿਆਰ ਹੋਏ। ਇਥੋਂ ਤੀਕ ਹੀ ਨਹੀਂ ਬਲਕਿ ਸ਼ਬਦ ਬਦਲੇ ਤੇ ਅਰਥਾਂ ਦੇ ਭਾਵ ਬਦਲੇ, ਜਿਸ ਨਾਲ ਬੋਲੀ ਚੜ੍ਹਦੀਆਂ ਕਲਾ ਵਲ ਲੈ ਜਾਣ ਦਾ ਇਕ ਸਾਧਨ ਬਣ ਗਈ। ਹੁਣ ਸਿੰਘ ਦੀ ਰੋਟੀ- 'ਪ੍ਰਸ਼ਾਦਾ' ਸੀ ਜਾਂ 'ਗਫ਼ਾ' ਸੀ; ਛੋਲੇ- 'ਬਦਾਮ' ਤੇ ਸਾਗ- 'ਸਬਜ਼ ਪਲਾਓ' ਸੀ। ਬੁਖ਼ਾਰ ਦਾ ਨਾਉਂ 'ਆਕੜ-ਭੰਨ' ਰਖਿਆ ਗਿਆ ਸੀ ਤੇ ਜੇ ਕਿਸੇ ਸਿੰਘ ਦੀ ਮੌਤ ਹੋ ਜਾਂਦੀ ਤਾਂ ਕਿਹਾ ਜਾਂਦਾ ਕਿ 'ਸਿੰਘ ਚੜ੍ਹਾਈ ਕਰ ਗਿਆ ਹੈ' ਜਿਵੇਂ ਪਰਲੋਕ ਨੂੰ ਫ਼ਤਿਹ ਕਰਨ ਗਿਆ ਹੁੰਦਾ ਹੈ। ਖ਼ਾਲਸਾ ਜੀ ਦੇ ਇਨ੍ਹਾਂ ਬੋਲਿਆਂ ਅਨੁਸਾਰ ਹੀ ਹੋਲੀ ਨੂੰ ਹੋਲਾ ਬਣਾ ਦਿਤਾ ਗਿਆ। ਇਹ ਕੋਈ ਸੁਧਾਰ ਨਹੀਂ ਸੀ, ਸਗੋਂ ਪੂਰਨ ਭਾਂਤ ਪਰਿਵਰਤਨ ਸੀ ਜਾਂ ਇਉਂ ਆਖਿਆਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੂਰਨ ਇਨਕਲਾਬ ਸੀ ਕਿਉਂ ਕਿ ਹੋਲੀ ਨੂੰ ਬਿਲਕੁਲ ਹੀ ਬਦਲ ਦਿਤਾ ਗਿਆ।

ਗ਼ੁਲਾਮ ਹੋਲੀਆਂ ਨਿਮਾਣੇ ਤੇ ਨਿਤਾਣੇ ਲੋਕ ਖੇਡਦੇ ਸਨ ਪਰ ਸੂਰਬੀਰ ਖਾਲਸੇ ਨੇ ਖੇਡਿਆ ਸੁਤੰਤਰ ਹੋਲਾ। ਹੋਲੀਆਂ ਖੇਡੀਆਂ ਜਾਂਦੀਆਂ ਸਨ, ਗੰਦ ਮੰਦ ਜਾਂ ਗੁਲਾਲ ਅੰਬੀਰ ਆਦਿ ਰੰਗਾਂ ਨਾਲ, ਪਰ ਕਲਗੀਧਰ ਦੇ ਸੂਰਬੀਰ ਸਿੰਘ ਹੋਲਾ ਖੇਡਦੇ ਹਨ, ਤਲਵਾਰਾਂ, ਭਾਲਿਆਂ ਤੇ ਨੇਜ਼ਿਆ ਨਾਲ। ਹੋਲੇ ਦੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਜੀ ਦਾ ਜੋ 'ਮਹੱਲਾ' ਜਲੂਸ ਨਿਕਲਦਾ ਹੈ ਉਸ ਦਾ ਬੀਰਤਾ ਭਰਪੂਰ ਨਜ਼ਾਰਾ ਮੁਰਦਿਆਂ ਵਿਚ ਇਕ ਨਵਾਂ ਜੀਵਨ ਭਰ ਦਿੰਦਾ ਹੈ। ਸ੍ਰੀ

ਅਨੰਦਪੁਰ ਸਾਹਿਬ ਦੀ ਦੂਨ ਵਿਖੇ ਜਦੋਂ ਇਹ ਬੀਰਤਾ ਦਾ ਸਮੁੰਦਰ ਠਾਠਾਂ ਮਾਰਦਾ ਹੋਇਆ ਲੰਘਦਾ ਹੈ ਤਾਂ ਦਰਸ਼ਕਾਂ ਦੀ ਕਾਇਰਤਾ, ਗ਼ੁਲਾਮੀ ਅਤੇ ਢਹਿੰਦੀਆਂ ਕਲਾ ਦੇ ਕੱਖ-ਕਾਨ ਸਭ ਨੂੰ ਰੋੜ੍ਹ ਲੈ ਜਾਂਦਾ ਹੈ।

Last modified: 2:49 pm